# ਭਗਤ ਰਵਿਦਾਸ – ਸਬਦ ੧੪

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥

ਰਾਗੁ ਸੋਰਠਿ, ਭਗਤ ਰਵਿਦਾਸ, ਗੁਰੂ ਗ੍ਰੰਥ ਸਾਹਿਬ, ੬੫੭

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥
ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥੧॥
ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥
ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥
ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥੨॥
ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ ॥
ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ ॥੩॥
ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ ॥
ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥੪॥੧॥

ਸਾਰ: ਜਦੋਂ ਸਵੈ-ਮਹੱਤਤਾ ਹੀ ਕੇਂਦਰ ਬਿੰਦੂ ਹੋਵੇ ਤਾਂ ਅਸੀਂ ਵਿਸ਼ਾਲ ਹਕੀਕਤ ਨਾਲ ਜੁੜਨ ਦਾ ਮੌਕਾ ਗੁਆ ਦਿੰਦੇ ਹਾਂ। "ਮੈਂ" ਅਤੇ "ਤੂੰ" ਦੀਆਂ ਸਮੱਸਿਆਵਾਂ ਉਦੋਂ ਪੈਦਾ ਹੁੰਦੀਆਂ ਹਨ ਜਦੋਂ ਵਖਰੇਵਾਂ ਸਾਡੀ ਮੁੱਖ ਪਛਾਣ ਬਣ ਜਾਂਦਾ ਹੈ। "ਮੈਂ" ਸੁਰੱਖਿਆ ਦੇ ਰੂਪ ਵਿਚ ਅਜਿਹੇ ਖੇਤਰ ਦਾ ਨਿਰਮਾਣ ਕਰਦੀ ਜਿਸ ਨਾਲ "ਤੂੰ" ਉਸ ਖੇਤਰ ਦੇ ਬਾਹਰੀ ਕੰਡੇ ਤੇ ਖੜ੍ਹਾ ਓਪਰਾ ਵਿਅਕਤੀ ਬਣ ਜਾਂਦਾ ਹੈ। ਫਿਰ ਅਟੱਲ ਰੂਪ ਵਿਚ ਟਕਰਾਅ ਮਹਿਸੂਸ ਹੁੰਦਾ ਹੈ, ਜਿਸ ਨਾਲ ਵੰਡ ਇਕ ਕੁਦਰਤੀ ਵਰਤਾਰਾ ਜਾਪਦੀ ਹੈ। ਇਸ ਮਨੋਬਿਰਤੀ ਰਾਹੀਂ ਤੁਲਨਾ ਸਦਭਾਵਨਾ ਦੀ ਥਾਂ ਲੈਂਦੀ ਹੈ, ਸੱਚ ਦੀ ਖੋਜ ਨਾਲੋਂ ਆਪਣੇ ਸਵੈ-ਚਿੱਤਰ ਨੂੰ ਤਰਜੀਹ ਦਿੱਤੀ ਜਾਂਦੀ ਹੈ। ਜਦੋਂ "ਮੈਂ" ਹੁੰਦੀ ਹੈ, ਤਾਂ ਇਹ “ਤੂੰ” ਨੂੰ ਵੇਖਣ ਦੀ ਯੋਗਤਾ ਵਿਚ ਅਸਫ਼ਲ ਹੋ ਜਾਂਦੀ ਹੈ। ਜਦੋਂ ਮੈਂ "ਤੂੰ" ਨੂੰ ਸਵੀਕਾਰ ਕਰਦੀ ਹਾਂ, ਤਾਂ ਮੈਂ "ਖੁਦੀ" ਦੀ ਭਾਵਨਾ ਨੂੰ ਗਵਾ ਦਿੰਦੀ ਹੈ। ਇਕ ਬਿਬੇਕਮਈ ਦ੍ਰਿਸ਼ਟੀਕੋਣ "ਮੈਂ" ਅਤੇ "ਤੂੰ" ਨੂੰ ਜੀਵਨ ਦੇ ਵਿਹਾਰਕ ਪਹਿਲੂਆਂ ਵਜੋਂ ਪਛਾਣਦਾ ਹੈ ਪਰ ਉਹਨਾਂ ਨੂੰ ਆਪਣੇ ਅੰਤਹਕਰਣ 'ਤੇ ਹਾਵੀ ਨਹੀਂ ਹੋਣ ਦਿੰਦਾ। ਜਿਵੇਂ-ਜਿਵੇਂ ਇਹ ਗੂੜ੍ਹ ਜਾਗਰੂਕਤਾ ਵਿਕਸਤ ਹੁੰਦੀ ਹੈ,

ਹਉਮੈ-ਸੰਚਾਲਿਤ "ਮੈਂ" ਘੱਟਦੀ ਜਾਂਦੀ ਹੈ, ਅਤੇ "ਤੂੰ" ਦੇ ਉਭਾਰ ਦਾ ਅਗਾਜ਼ ਹੋ ਜਾਂਦਾ ਹੈ, ਜਿਸ ਨਾਲ ਸਾਡਾ ਧਿਆਨ ਏਕਤਾ ਦੀ ਬੇਅੰਤ ਭਾਵਨਾ ਵੱਲ ਰੁਪਾਂਤ੍ਰਿਤ ਹੋ ਜਾਂਦਾ ਹੈ।

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥
ਜਦੋਂ "ਮੈਂ" ਪ੍ਰਬਲ ਹੁੰਦੀ ਹੈ, "ਤੂੰ" ਗੈਰਹਾਜ਼ਰ ਹੋ ਜਾਂਦਾ ਹੈ; ਅਤੇ ਜਦੋਂ "ਤੂੰ" ਪ੍ਰਚੰਡ ਹੁੰਦੀ ਹੈ, "ਮੈਂ" ਮੌਜੂਦ ਨਹੀਂ ਰਹਿੰਦੀ। ਇਹ ਭਾਵ ਸੁਝਾਅ ਦਿੰਦਾ ਹੈ ਕਿ ਇਕ ਵੱਖਰੀ ਪਛਾਣ ਦਾ ਦਾਅਵਾ ਕਰਨਾ ਏਕਤਾ ਦੀ ਹਾਜ਼ਰਤਾ ਨੂੰ ਧੁੰਦਲਾ ਕਰ ਦਿੰਦਾ ਹੈ।

ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥੧॥
ਜਿਵੇਂ ਸਮੁੰਦਰ ਵਿਚ ਵੱਡੀਆਂ ਲਹਿਰਾਂ ਉੱਠਦੀਆਂ ਹਨ, ਪਰ ਅਸਲ ਵਿਚ ਤਾਂ ਉਹ ਪਾਣੀ ਅੰਦਰ ਪਾਣੀ ਹੀ ਹਨ। ਇਹ ਭਾਵ ਦਰਸਾਉਂਦਾ ਹੈ ਕਿ ਭਾਵੇਂ ਕੁਦਰਤ ਦੇ ਵੱਖ-ਵੱਖ ਰੂਪ ਵੱਖਰੇ ਦਿਖਾਈ ਦਿੰਦੇ ਹਨ, ਪਰ ਉਹ ਸਾਰੇ ਇਕੋ ਹੀ ਵਿਆਪਕ ਸਤਾ ਤੋਂ ਉਤਪੰਨ ਹੁੰਦੇ ਹਨ ਜੋ ਹਰ ਵਸਤ ਨੂੰ ਆਪਸ ਵਿਚ ਜੋੜਦੀ ਹੈ। (੧)

ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥
ਹੇ ਪਿਆਰੀ ਜਾਗਰੂਕਤਾ, ਇਸ ਦ੍ਰਿਸ਼ ਨੂੰ ਭਰਮ ਕਿਵੇਂ ਕਿਹਾ ਜਾ ਸਕਦਾ ਹੈ? ਇਹ ਧੋਖੇ ਦੇ ਵਿਰੋਧਾਭਾਸੀ ਪ੍ਰਕਿਰਤੀ ਨੂੰ ਉਜਾਗਰ ਕਰਦੀ ਹੈ, ਜਿਸ ਨਾਲ ਛਲ ਅਸਲ ਭਾਸਦਾ ਹੈ।

ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥
ਜੋ ਸੱਚ ਮੰਨਿਆ ਜਾਂਦਾ ਹੈ ਉਹ ਉਵੇਂ ਨਹੀਂ ਹੁੰਦਾ ਜਿਵੇਂ ਇਹ ਦਿਖਾਈ ਦਿੰਦਾ ਹੈ। ਇਹ ਭਾਵ ਬੋਧਾਤਮਕ ਗਲਤ ਵਿਆਖਿਆ ਨੂੰ ਦਰਸਾਉਂਦਾ ਹੈ ਜਿਸ ਵਿਚ ਅਸੀਂ ਦਿੱਖਾਂ ਨੂੰ ਹਕੀਕਤ ਨਾਲ ਉਲਝਾਉਂਦੇ ਹਾਂ, ਅੰਤਰੀਵ ਸੱਚਾਈ ਨੂੰ ਨਜ਼ਰਅੰਦਾਜ਼ ਕਰਦੇ ਹਾਂ। (੧)(ਠਹਿਰਾਉ)

ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥
ਇਕ ਰਾਜਾ ਤਖਤ ਤੇ ਸੌਂਦਾ ਹੈ ਅਤੇ ਭਿਖਾਰੀ ਬਣਨ ਦਾ ਸੁਪਨੇ ਲੈਂਦਾ ਹੈ। ਇਹ ਦ੍ਰਿਸ਼ਟਾਂਤ ਉਜਾਗਰ ਕਰਦਾ ਹੈ ਕਿ ਸਾਡੀ ਪਛਾਣ ਦੀ ਭਾਵਨਾ ਸਾਡੀਆਂ ਧਾਰਨਾਵਾਂ ਦੇ ਅਧਾਰ ਤੇ ਕਿਵੇਂ ਬਦਲ ਸਕਦੀ ਹੈ।

ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥੨॥

ਭਾਵੇਂ ਉਸਦਾ ਰਾਜ ਕਾਇਮ ਰਿਹਾ, ਉਸਨੇ ਸੁਪਨੇ ਵਿਚ ਵਿਛੋੜੇ ਦਾ ਅਸਿਹ ਦਰਦ ਮਹਿਸੂਸ ਕੀਤਾ; ਇਹ ਭਾਵ ਸਾਡੇ ਆਪਣੇ ਦੁੱਖ ਦੇ ਅਨੁਭਵ ਨੂੰ ਦਰਸਾਉਂਦਾ ਹੈ, ਜੋ ਅਕਸਰ ਗਲਤ ਪਛਾਣ, ਡਰ ਜਾਂ ਨੁਕਸਾਨ ਦੇ ਭਰਮ ਤੋਂ ਪੈਦਾ ਹੁੰਦਾ ਹੈ। (੨)

ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ ॥

ਇਹ ਰਾਜ, ਉਸ ਕਿੱਸੇ ਦੀ ਯਾਦ ਦਿਵਾਉਂਦਾ ਹੈ ਜਿਸ ਵਿਚ ਇਕ ਰੱਸੀ ਨੂੰ ਸੱਪ ਸਮਝ ਲਿਆ ਜਾਂਦਾ ਹੈ, ਹੁਣ ਕੀਮਤੀ ਸੂਝ ਪ੍ਰਦਾਨ ਕਰਦਾ ਹੈ। ਇਹ ਦੋ ਪਰਤੀ ਉਦਾਹਰਣ ਗਲਤੀ ਦੇ ਸਮਾਨ ਹੈ, ਪਰ ਇਹ, ਇਹ ਵੀ ਦਰਸਾਉਂਦੀ ਹੈ ਕਿ ਸੂਝ ਦੀ ਰੌਸ਼ਨੀ, ਧਾਰਨਾ ਨੂੰ ਬਦਲ ਸਕਦੀ ਹੈ।

ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ ॥੩॥

ਜਿਵੇਂ, ਬਹੁਤ ਸਾਰੇ ਕੰਙਣਾਂ ਵਿਚੋਂ, ਕੋਈ ਇਹ ਭੁੱਲ ਜਾਵੇ ਕਿ ਇਨ੍ਹਾਂ ਵਿਚੋਂ ਅਸਲੀ ਕਿਹੜਾ ਹੈ, ਅਤੇ ਉਸਨੂੰ ਅਸਲ ਨੂੰ ਪਛਾਣਨ ਦਾ ਗਿਆਨ ਵੀ ਨਹੀਂ ਅਤੇ ਨਾ ਹੀ ਉਹ ਇਸ ਨੂੰ ਵਰਣਨ ਕਰ ਸਕਦਾ ਹੈ। ਇਸ ਲਈ ਸਮਾਜਿਕ ਪ੍ਰਭਾਵਾਂ ਅਤੇ ਬਣਾਵਟੀ ਸਮਾਨਤਾਵਾਂ ਦੇ ਵਿਚਕਾਰ ਆਪਣੀ ਦਿਆਨਤਦਾਰੀ ਬਾਰੇ ਆਤਮ-ਨਿਰੀਖਣ ਦੀ ਲੋੜ ਹੈ ਜੋ ਸਾਡੀਆਂ ਧਾਰਨਾਵਾਂ ਨੂੰ ਧੁੰਦਲਾ ਕਰ ਸਕਦੀਆਂ ਹਨ। (੩)

ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ ॥

ਸਮੁਚੇ ਰੂਪ ਵਿਚ, ਇਕ ਸਰਵਵਿਆਪੀ ਸਤਾ ਕਈ ਰੂਪਾਂ ਵਿਚ ਪ੍ਰਗਟ ਹੁੰਦੀ ਹੈ; ਸਰਬਵਿਆਪੀ ਮਾਲਕ, ਆਪਣੀ ਹਾਜ਼ਰਤਾ ਨਾਲ, ਹਰੇਕ ਜੀਵ ਦੇ ਅੰਦਰ ਜੀਵਨ ਦਾ ਅਨੁਭਵ ਕਰਦਾ ਹੈ। ਇਹ ਵਿਚਾਰ ਵੰਨ-ਸੁਵੰਨਤਾ ਦੇ ਰੂਪ ਵਿਚ ਪ੍ਰਗਟ ਕੀਤੀ ਗਈ ਏਕਤਾ ਨੂੰ ਉਜਾਗਰ ਕਰਦਾ ਹੈ, ਇਹ ਵਿਚਾਰ ਸਰਬ-ਈਸ਼ਵਰਵਾਦੀ ਦ੍ਰਿਸ਼ਟੀਕੋਣ ਦਾ ਸਮਰਥਨ ਕਰਦਾ ਹੈ ਕਿ ਵਿਸ਼ਵਵਿਆਪੀ ਚੇਤਨਾ ਹਰੇਕ ਵਿਅਕਤੀਗਤ ਹੋਂਦ ਵਿਚ ਅਨੁਭਵ ਕਰਨ ਵਾਲੀ ਹੈ।

ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥੪॥੧॥

ਰਵਿਦਾਸ ਕਹਿੰਦੇ ਹਨ ਕਿ ਸਰਬਵਿਆਪੀ ਊਰਜਾ ਕਿਸੇ ਦੇ ਹੱਥ ਨਾਲੋਂ ਵੀ ਨੇੜੇ ਹੈ ਅਤੇ ਇਸਨੂੰ ਕੁਦਰਤੀ ਰੂਪ ਵਿਚ ਪਸਰੀ ਸ਼ਾਂਤੀ ਦੀ ਸਥਿਤੀ ਵਿਚ ਅਨੁਭਵ ਕੀਤਾ ਜਾ ਸਕਦਾ ਹੈ। ਇਹ ਭਾਵ ਦਾਅਵਾ ਕਰਦਾ

ਹੈ ਕਿ ਅੰਤਮ ਹਕੀਕਤ ਦੂਰ ਨਹੀਂ ਹੈ; ਬਲਕਿ, ਇਹ ਸਾਡੇ ਅੰਦਰ ਵਸਦੀ ਹੈ, ਜੋ ਸਾਡੀ ਹੋਂਦ ਨਾਲ ਨੇੜਿਓਂ ਜੁੜੀ ਹੋਈ ਹੈ। (੪)(੧)

ਤੱਤ: ਭਗਤ ਰਵਿਦਾਸ ਬਾਹਰੀ ਦਿੱਖਾਂ ਨੂੰ ਅੰਤਮ ਹਕੀਕਤ ਨਾਲ ਉਲਝਾਉਣ ਦੀ ਆਮ ਪ੍ਰਵਿਰਤੀ ਨੂੰ ਉਜਾਗਰ ਕਰਦੇ ਹਨ। ਜਦੋਂ ਅਸੀਂ ਦਿੱਖਾਂ ਨੂੰ ਸੱਚ ਨਾਲ ਉਲਝਾਉਂਦੇ ਹਾਂ, ਤਾਂ ਅਸੀਂ ਸ਼ਰਤਬੱਧ ਬਿਰਤਾਂਤਾਂ ਵਿਚ ਬਣਾਵਟੀ ਪਹਿਲੂਆਂ 'ਤੇ ਪ੍ਰਤੀਕਿਰਿਆ ਕਰਦੇ ਹਾਂ। ਅਸੀਂ ਉਨ੍ਹਾਂ ਵਸਤਾਂ ਵਿਚ ਲੀਨ ਹੋ ਜਾਂਦੇ ਹਾਂ ਜੋ ਸਾਡੀ ਹਉਮੈ ਸੱਚ ਰੂਪ ਵਿਚ ਪੇਸ਼ ਕਰਦੀ ਹੈ  ਜਿਵੇਂ ਰੁਤਬੇ, ਭੂਮਿਕਾਵਾਂ, ਸਫ਼ਲਤਾ ਅਤੇ ਸਾਡੇ ਵਿਚਾਰ, ਜੋ ਸਫ਼ਲਤਾ ਅਤੇ ਅਸਫ਼ਲਤਾ, ਯੋਗ ਅਤੇ ਅਯੋਗ ਦੀ ਭਾਵਨਾ ਪੈਦਾ ਕਰਦੇ ਹਨ। ਇਸ ਹਫੜਾ-ਦਫੜੀ ਵਿਚ, ਅਸੀਂ ਅਕਸਰ ਸਭ ਤੋਂ ਹੇਠਲੀ ਤਹਿ ਅੰਦਰ ਲੁਕੀ ਗੂੜ੍ਹ ਸੱਚਾਈ ਨੂੰ ਭੁੱਲ ਜਾਂਦੇ ਹਾਂ, ਸਥਿਰ ਚੇਤਨਾ ਜੋ ਹਰ ਵਸਤ ਨੂੰ ਨਿਹਾਰਦੀ ਹੈ। ਉਹ ਸਾਨੂੰ ਇਹ ਪਛਾਣਨ ਲਈ ਉਤਸ਼ਾਹਿਤ ਕਰਦੇ ਹਨ ਕਿ, ਭਾਵੇਂ ਉਪਰਲੀ ਪਰਤ ਅਜੇ ਵੀ ਮੌਜੂਦ ਹੈ, ਪਰ ਕੋਈ ਵੀ ਉਨ੍ਹਾਂ ਦੇ ਪ੍ਰਭਾਵ ਤੋਂ ਪਾਰ ਜਾ ਸਕਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**